# ਦਫਤਰ ਨਗਰ ਨਿਗਮ, ਬਠਿੰਡਾ।

ਨੰ: 3492/3B ਮਿਤੀ :- 17-05-2018

ਵੱਲ ~~3492/3B~~

ਸ੍ਰੀ ਗੁਰਪਿੰਦਰ ਸਿੰਘ ਪੁੱਤਰ ਸ੍ਰੀ ਕੁਲਵੰਤ ਸਿੰਘ ,
ਮਕਾਨ ਨੰ: 5941,ਮੁਹੱਲਾ ਝੁਟੀਕਾ,ਬਠਿੰਡਾ।
ਮੋਬਾਇਲ ਨੰ: 94645-88792। .

ਵਿਸ਼ਾ:- ਇਤਲਾਹ ਬਾਬਤ ਸ਼ਹਿਰ ਦੀਆਂ 8 ਪਾਰਕਿਗਾ ਦਾ ਠੇਕਾ ਰੱਦ ਕਰਨ ਬਾਰੇ।

ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਸੂਚਿਤ ਕਿਤਾ ਜਾਦਾ ਹੈ ਕਿ ਤੁਹਾਡੇ ਵੱਲੋ ਨਗਰ ਨਿਗਮ ਦੇ ਪਾਰਕਿੰਗ ਸਬੰਧੀ ਨਿਰਧਾਰਤ ਕਿਤੇ ਗਏ ਰੇਟਾ ਤੋ ਵੱਧ ਰੇਟ ਪਬਲਿਕ ਤੋ ਵਸੂਲੇ ਜਾ ਰਹੇ ਸਨ।ਜਿਸ ਤੇ ਨਿਗਮ ਵੱਲੋਂ ਕਾਰਵਾਈ ਕਰਦਿਆ ਐਗਰੀਮੈਂਟ ਦੀ ਸਰਤ ਨੰ: 15 ਅਨੁਸਾਰ ਠੇਕਾ ਰੱਦ ਕਰ ਦਿਤਾ ਗਿਆ ਹੈ ਅਤੇ ਤੁਹਾਡੇ ਵੱਲੋ ਜਮ੍ਹਾਂ ਕਰਵਾਈ ਗਈ ਸਕਿਉਰਟੀ ਜਬਤ ਕਰ ਲਿਤੀ ਗਈ ਹੈ।

ਨਿਗਮ ਇੰਜੀਨੀਅਰ,
ਨਗਰ ਨਿਗਮ ਬਠਿੰਡਾ।

ਗੁਰਪ੍ਰੀਤ ਸਿੰਘ

भारतीय गैर न्यायिक

एक सौ रुपये

रु. 100

Rs. 100

ONE HUNDRED RUPEES

सत्यमेव जयते

भारत INDIA

INDIA NON JUDICIAL

ਪੰਜਾਬ पंजाब PUNJAB

Z 198742


# ਇਕਰਾਰਨਾਮਾ

ਇਹ ਇਕਰਾਰਨਾਮਾ ਅੱਜ ਮਿਤੀ ......14/08/2017...... ਨੂੰ ਨਗਰ ਨਿਗਮ ਬਠਿੰਡਾ ਰਾਂਹੀ ਕਮਿਸ਼ਨਰ ਨਗਰ ਨਿਗਮ ਬਠਿੰਡਾ (ਜਿਸ ਨੂੰ ਧਿਰ ਨੰ: 1 ਲਿਖਿਆ ਜਾਵੇਗਾ) ਅਤੇ ਸ਼੍ਰੀ ਗੁਰਪਿੰਦਰ ਸਿੰਘ ਸਿੱਧੂ ਪੁੱਤਰ ਸ਼੍ਰੀ ਕੁਲਵੰਤ ਸਿੰਘ ਮਕਾਨ ਨੰ: 5941 ਮਹੱਲਾ ਡੂਟੀਕਾ ਬਠਿੰਡਾ (ਜਿਸ ਨੂੰ ਧਿਰ ਨੰ: 2 ਲਿਖਿਆ ਜਾਵੇਗਾ) ਦੇ ਵਿਚਕਾਰ ਸ਼ਹਿਰ ਦੀਆਂ 8 ਪਾਰਕਿੰਗਜ਼ ਦਾ ਠੇਕਾ ਮਿਤੀ 24-05-2017 ਨੂੰ ਖੁੱਲ੍ਹੀ ਬੋਲੀ ਰਾਹੀ (ਜਿਸ ਦੀ ਪ੍ਰਵਾਨਗੀ F&CC ਦੇ ਮਤਾ ਨੰ: 12 ਮਿਤੀ 16-06-17 ਰਾਹੀ ਦਿੱਤੀ ਹੈ) 16,35000/- ਰੁਪੈ ਵਿਚ ਇੱਕ ਸਾਲ ਦੇ ਸਮੇਂ ਲਈ ਹੋਇਆ ਹੈ। ਇਸ ਸਬੰਧ ਵਿੱਚ ਨਿਮਨ ਲਿਖਤ ਸ਼ਰਤਾਂ ਅਨੁਸਾਰ ਇਕਰਾਰਨਾਮਾ ਕੀਤਾ ਜਾਂਦਾ ਹੈ।

1 ਇਹ ਕਿ ਧਿਰ ਨੰ: 2 ਵੱਲੋਂ ਬੋਲੀ ਦੀ ਰਕਮ ਦਾ 1/4 ਹਿੱਸੇ ਦੇ ਬਰਾਬਰ ਬਣਦੀ ਸਕਿਉਰਟੀ ਦੀ ਰਕਮ 4,08,750/- ਰੁਪੈ ਰਸੀਦ ਨੰ: 97/556 ਮਿਤੀ 25/06/2017 ਰਾਂਹੀ ਜਮ੍ਹਾਂ ਕਰਵਾ ਦਿੱਤੀ ਹੈ। ਇਸ ਸਕਿਉਰਟੀ ਦੀ ਰਕਮ ਤੇ ਕੋਈ ਵਿਆਜ ਨਹੀਂ ਦਿੱਤਾ ਜਾਵੇਗਾ। ਜੋ ਆਖਰੀ ਕਿਸ਼ਤਾਂ ਵਿਚ ਐਡਜਸਟ ਕੀਤੀ ਜਾਵੇਗੀ।

2. ਪਾਰਕਿੰਗ 8 ਸਾਈਟਸ ਦਾ ਕਬਜਾ ਧਿਰ ਨੰ: 2 ਵੱਲੋਂ ਸੰਭਾਲ ਲਿੱਤਾ ਗਿਆ ਹੈ। ਸਾਈਟਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

1 ਸੁਭਾਸ਼ ਮਾਰਕਿਟ ਨੇੜੇ ਫਾਈਰ ਸ਼ਟੇਸ਼ਨ, 2. ਥੋਕ ਮੈਡੀਕਲ ਮਾਰਕਿਟ ਨੇੜੇ ਰੇਲਵੇ ਸ਼ਟੇਸ਼ਨ, ਗਾਂਧੀ ਮਾਰਕਿਟ ਨੇੜੇ ਸ਼ਰਮਾ ਮਿਸ਼ਠਾਨ ਭੰਡਾਰ, 4. ਪੁਰਾਣਾ ਹਸਪਤਾਲ ਨੇੜੇ ਮੱਛੀ ਮਾਰਕੀਟ, 5. ਸਰਗਮ ਮਾਰਕੀਟ ਪੁਰਾਣਾ ਰਾਜੇਸ਼ ਸਿਨੇਮਾ, 6. ਸ਼ਕਤੀ ਮਾਰਕਿਟ ਦੇ ਸਾਹਮਣੇ ਵਾਲੀ ਜਗ੍ਹਾ, 7. ਸ਼ਹੀਦ ਭਗਤ ਸਿੰਘ ਮਾਰਕੀਟ 8. ਆਰੀਆ ਸਮਾਜ ਚੌਂਕ ਨੇੜੇ ਖਾਲੀ ਪਈ ਜਗ੍ਹਾਂ।

3. ਪਾਰਕਿੰਗਜ ਦੇ ਠੇਕੇ ਦਾ ਸਮਾਂ ਇੱਕ ਸਾਲ (ਮਿਤੀ 17/06/2017 ਤੋਂ ਮਿਤੀ 16/06/2018) ਦਾ ਹੋਵੇਗਾ।

4. ਪਾਰਕਿੰਗ ਵਿਚ ਨਗਰ ਨਿਗਮ ਵੱਲੋਂ ਮੁਕਰਰ ਕੀਤੇ ਰੇਟ ਚਾਰਜ ਕੀਤੇ ਜਾਣਗੇ। ਜੋ ਹੇਠ ਲਿਖੇ ਹਨ:-

| | | |
|---|---|---|
| ੳ. | ਰੇਟ ਪ੍ਰਤੀ ਸਾਈਕਲ | 5/- ਰੁਪੈ |
| ਅ. | ਰੇਟ ਪ੍ਰਤੀ ਸਕੂਟਰ/ ਮੋਟਰ ਸਾਈਕਲ | 5/- ਰੁਪੈ। |
| ੲ. | ਰੇਟ ਪ੍ਰਤੀ ਕਾਰ/ਜੀਪ | 10/- ਰੁਪੈ। |
| ਸ. | ਰੇਟ ਪ੍ਰਤੀ ਮੈਟਾਡੋਰ/ ਸਕੂਲ ਵੈਨ/ਮਿੰਨੀ ਬੱਸ | 20/- ਰੁਪੈ |
| ਹ. | ਰੇਟ ਪ੍ਰਤੀ ਵੱਡੀ ਬੱਸ | 30/- ਰੁਪੈ |

भारतीय गैर न्यायिक

एक सौ रुपये

रु. 100

Rs. 100

ONE HUNDRED RUPEES

सत्यमेव जयते

भारत INDIA

INDIA NON JUDICIAL

ਪੰਜਾਬ पंजाब PUNJAB

Z 198743

ਧਿਰ ਨੰ: 2 ਉਕਤ ਰੇਟਾਂ ਨੂੰ ਪਾਰਕਿੰਗ ਸਾਈਟ ਤੇ ਬੋਰਡ ਉਪਰ ਡਿਸਪਲੇਅ ਕਰਨ ਦਾ ਪਾਬੰਦ ਹੋਵੇਗਾ।ਜੇਕਰ ਠੇਕੇਦਾਰ ਪਾਰਕਿੰਗ ਸਾਇਟ ਤੇ ਬੋਰਡ ਡਿਸਪੇਲਅ ਕਰਦਾ ਨਹੀਂ ਪਾਇਆ ਗਿਆ ਤਾਂ ਉਸ ਪਾਸੋਂ 500/- ਰੁਪੈ ਪ੍ਰਤੀ ਦਿਨ ਜੁਰਮਾਨੇ ਵਜੋਂ ਵਸੂਲ ਕੀਤਾ ਜਾਵੇਗਾ ਅਤੇ ਠੇਕੇਦਾਰ ਉਕਤ ਰੇਟਾਂ ਤੋਂ ਵੱਧ ਪਾਰਕਿੰਗ ਫੀਸ ਚਾਰਜ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਪਾਸੋਂ 1000/- ਰੁਪੈ ਪ੍ਰਤੀ ਕੇਸ ਪੈਨਲਟੀ ਵਜੋਂ ਵਸੂਲ ਕੀਤਾ ਜਾਵੇਗਾ। ਠੇਕੇਦਾਰ ਪਾਰਕਿੰਗ ਵਾਲੀ ਥਾਂ ਨੂੰ ਟੈਕਸੀ ਸਟੈਂਡ ਦੇ ਤੌਰ ਤੇ ਇਸਤੇਮਾਲ ਨਹੀਂ ਕਰੇਗਾ। ਟ੍ਰੈਫਿਕ ਵਿਭਾਗ ਦੀਆਂ ਸਮੇਂ-2 ਸਿਰ ਜਾਰੀ ਹਦਾਇਤਾਂ ਦੀ ਪਾਲਣਾ ਕਰਨ ਦਾ ਪਾਬੰਦ ਹੋਵੇਗਾ।

5 ਧਿਰ ਨੰ:2 ਨਗਰ ਨਿਗਮ ਬਠਿੰਡਾ ਵੱਲੋਂ ਜਾਰੀ ਕੀਤੀਆਂ ਪਾਰਕਿੰਗ ਫੀਸ ਵਾਲੀਆਂ ਰਸੀਦਾਂ ਹੀ ਜਾਰੀ ਕਰੇਗਾ ਆਪਣੇ ਪੱਧਰ ਤੇ ਕੋਈ ਰਸੀਦ ਨਹੀਂ ਦੇਵੇਗੀ।

6. ਪਾਰਕਿੰਗ ਥਾਵਾਂ ਨੂੰ ਸਾਫ ਸੁਥਰਾ ਰੱਖਣ ਦੀ ਜਿੰਮੇਵਾਰੀ ਧਿਰ ਨੰ:2 ਦੀ ਹੋਵੇਗੀ।

7. ਧਿਰ ਨੰ:2 ਬਣਦੀ ਰਕਮ 1,36,250/- ਰੁਪੈ ਮਾਹਵਾਰੀ ਕਿਸ਼ਤਾਂ + ਸਰਵਿਸ ਟੈਕਸ/ਜੀ.ਐਸ.ਟੀ ਅਤੇ ਟੀ.ਸੀ.ਐਸ. ਹਰ ਮਹੀਨੇ ਦੀ 10 ਤਰੀਖ ਤੱਕ ਜਮ੍ਹਾਂ ਕਰਵਾਉਣ ਦਾ ਪਾਬੰਦ ਹੋਵੇਗਾ, ਜੇਕਰ ਕਿਸ਼ਤ ਨਿਸਚਿਤ ਸਮੇਂ ਤੋ ਲੇਟ ਹੁੰਦੀ ਹੈ ਤਾਂ 18% ਵਿਆਜ ਵਸੂਲ ਕੀਤਾ ਜਾਵੇਗਾ ਅਤੇ ਜੇਕਰ ਕਿਸ਼ਤ ਇੱਕ ਮਹੀਨਾਂ ਲੇਟ ਹੁੰਦੀ ਹੈ ਤਾਂ ਠੇਕਾ ਕੈਂਸਲ ਕਰਕੇ ਸਕਿਊਰਟੀ ਜਬਤ ਕਰ ਲਈ ਜਾਵੇਗੀ। ਸਕਿਊਰਟੀ ਵਜੋਂ ਜਮ੍ਹਾਂ ਕਰਵਾਈ ਗਈ ਰਕਮ ਆਖਰੀ ਕਿਸ਼ਤ ਵਿੱਚ ਅਡਜੱਸਟ ਕੀਤੀ ਜਾਵੇਗੀ।

8. ਧਿਰ ਨੰ:2 ਪਾਰਕਿੰਗ ਵਾਲੀ ਥਾਵਾਂ ਨੂੰ ਕਿਸੇ ਹੋਰ ਮੰਤਵ ਲਈ ਇਮਤੇਮਾਲ ਨਹੀਂ ਕਰੇਗਾ ਅਤੇ ਨਾ ਹੀ ਕਿਸੇ ਕਿਸਮ ਦਾ ਆਰਜੀ ਜਾਂ ਪੱਕੇ ਤੌਰ ਤੇ ਕੋਈ ਢਾਂਚਾ ਖੜਾ ਕਰੇਗਾ। ਪਾਰਕਿੰਗ ਵਿਚ ਕੋਈ ਅਣ ਅਧਿਕਾਰਤ ਰੇਹੜੀ, ਖੋਖਾ ਆਦਿ ਪਾਇਆ ਜਾਂਦਾ ਹੈ ਤਾਂ ਠੇਕਾਦਾਰ ਤੋਂ 5 ਹਜ਼ਾਰ ਰੁਪੈ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਵਸੂਲ ਕੀਤਾ ਜਾਵੇਗਾ।

9. ਧਿਰ ਨੰ:2 ਠੇਕੇ ਨੂੰ ਅੱਗੇ ਸਬਲੈਟ ਨਹੀਂ ਕਰ ਸਕਦੀ।

10. ਪਾਰਕਿੰਗ ਦਾ ਸਮਾਂ ਸਵੇਰੇ 8.00 ਵਜੇ ਤੋਂ ਰਾਤ ਦੇ 9.00 ਵਜੇ ਤੱਕ ਹੋਵੇਗਾ।

11. ਧਿਰ ਨੰ:2 ਨਿਗਮ ਦੇ ਕਿਸੇ ਕਰਮਚਾਰੀ ਤੋਂ ਵਹੀਕਲ ਪਾਰਕਿੰਗ ਦੀ ਫੀਸ ਚਾਰਜ ਨਹੀਂ ਕਰੇਗੀ।

12. ਧਿਰ ਨੰ:2 ਕੋਈ ਨਾਬਾਲਗ ਕਰਮਚਾਰੀ ਨਹੀਂ ਰੱਖੇਗਾ। ਇਸ ਕੰਮ ਲਈ ਰੱਖੇ ਕਰਮਚਾਰੀਆਂ ਨੂੰ ਸ਼ਨਾਖਤੀ ਕਾਰਡ ਜਾਰੀ ਕਰੇਗਾ ਅਤੇ ਕਰਮਚਾਰੀਆਂ ਦੀ ਲਿਸਟ ਸਮੇਤ ਫੋਟੋ ਨਗਰ ਨਿਗਮ ਬਠਿੰਡਾ ਨੂੰ ਜਮ੍ਹਾਂ ਕਰਵਾਏਗਾ।

13. ਧਿਰ ਨੰ:2 ਸਮੇਂ-2 ਸਿਰ ਕੇਂਦਰ ਸਰਕਾਰ/ ਰਾਜ ਸਰਕਾਰ ਵੱਲੋਂ ਲਗਾਇਆ ਟੈਕਸ ਕਿਸ਼ਤ ਦੇ ਨਾਲ ਜਮ੍ਹਾਂ ਕਰਵਾਉਣ ਦੀ ਪਾਬੰਦ ਹੋਵੇਗੀ।

भारतीय गैर न्यायिक

एक सौ रुपये

रु. 100

Rs. 100

ONE HUNDRED RUPEES

सत्यमेव जयते

भारत INDIA

INDIA NON JUDICIAL

Z 198744

ਪੰਜਾਬ पंजाब PUNJAB

14. ਧਿਰ ਨੰ:2 ਆਪਣੇ ਅਤੇ ਆਪਣੇ ਕਰਮਚਾਰੀਆਂ ਦੇ ਬੈਠਣ ਅਤੇ ਬੈਰੀਕੇਟ ਲਗਾਉਣ ਦਾ ਪ੍ਰਬੰਧ ਖੁਦ ਆਪ ਕਰੇਗੀ।

15. ਧਿਰ ਨੰ:2 ਵੱਲੋਂ ਕਿਸੇ ਸ਼ਰਤ ਦੀ ਉਲੰਘਣਾ ਕਰਨ ਦੀ ਸੂਰਤ ਵਿੱਚ ਨਿਗਮ ਨੂੰ ਇਹ ਅਧਿਕਾਰ ਹੋਵੇਗਾ ਕਿ ਉਹ ਠੇਕਾ ਕੈਂਸਲ ਕਰਕੇ ਕਬਜਾ ਸੰਭਾਲ ਲਵੇ ਅਤੇ ਠੇਕੇਦਾਰ ਵੱਲੋਂ ਜਮਾਂ ਕਰਵਾਈ ਸਕਿਉਰਟੀ ਦੀ ਰਕਮ ਜਬਤ ਕਰ ਲਈ ਜਾਵੇਗੀ। ਜੇਕਰ ਨਿਗਮ ਨੂੰ ਕੋਈ ਕਾਨੂੰਨੀ ਕਾਰਵਾਈ ਕਰਨੀ ਪੈਂਦੀ ਹੈ ਤਾਂ ਉਸ ਦੇ ਸਾਰੇ ਖਰਚੇ ਵਾ ਹਰਜਾਨੇ ਦੀ ਜਿੰਮੇਵਾਰੀ ਧਿਰ ਨੰ:2 ਦੀ ਹੋਵੇਗੀ।

16. ਇਹ ਕਿ ਦੋਵਾਂ ਧਿਰਾਂ ਦੇ ਵਿੱਚ ਕੋਈ ਵੀ ਝਗੜਾ ਹੋਣ ਦੀ ਸੂਰਤ ਵਿੱਚ ਇਹ ਝਗੜਾ ਆਰਬੀਟਰੇਟਰ ਕੋਲ ਪੇਸ਼ ਕੀਤਾ ਜਾਵੇਗਾ ਅਤੇ ਕਮਿਸ਼ਨਰ ਨਗਰ ਨਿਗਮ ਸੋਲ ਆਰਬੀਟਰੇਟਰ ਹੋਣਗੇ ਅਤੇ ਉਨ੍ਹਾਂ ਦੁਆਰਾ ਕੀਤਾ ਗਿਆ ਫੈਸਲਾ ਦੋਹਾਂ ਧਿਰਾਂ ਨੂੰ ਮੰਨਣਯੋਗ ਹੋਵੇਗਾ।

| | |
|---|---|
| ਠੇਕੇਦਾਰ | ਕਮਿਸ਼ਨਰ |
| (ਧਿਰ ਨੰ:2) | ਨਗਰ ਨਿਗਮ,ਬਠਿੰਡਾ। |
| 1.ਗਵਾਹ | (ਧਿਰ ਨੰ:1) |
| 2.ਗਵਾਹ | |